ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ ਐਸ.ਏ.ਐਸ.ਨਗਰ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ, ਫੇਜ-8 ਮੋਹਾਲੀ।
(ਵਜੀਫਾ ਸਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ) (ਨਾਭਾ, ਫਰੀਦਕੋਟ ਅਤੇ ਜਲੰਧਰ)
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
ਸਮੂਹ ਸਕੂਲ ਮੁੱਖੀ(ਸਰਕਾਰੀ , ਪ੍ਰਾਈਵੇਟ , ਏਡਿਡ)

ਮੀਮੋ ਨੰ: 20/3-2013 ਵਜੀਫਾ (2)
ਮਿਤੀ: 08-12-2015

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ ਸਕੀਮ ਅਧੀਨ ਸਾਲ 2015-16 ਦੀ 100% verification ਕਰਨ ਬਾਰੇ।

ਉਪਰੋਕਤ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਜਾਰੀ ਨੋਟੀਫਿਕੇਸਨ ਨੰ: 10/1/2014-4ਸਿ5/ 452194 / 2-5 ਮਿਤੀ 01-04-2015 ਅਨੁਸਾਰ ਹੀ ਫੀਸਾਂ ਦੀ reimbursement ਕੀਤੀ ਜਾਵੇਗੀ, ਜਿਸ ਵਿੱਚ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੀਆਂ ਪ੍ਰਤੀ ਪੂਰਤੀਆਂ ਦੇ ਕਲੇਮ ਨੂੰ 2760/- ਰੁ: ਤੋਂ 28,000/-ਰੁ: ਪ੍ਰਤੀ ਸਾਲ ਤੱਕ ਹੀ ਪ੍ਰਵਾਨ ਕੀਤੇ ਜਾਣਗੇ।

2. ਵੈਰੀਫਿਕੇਸਨ ਦੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵੇਗੀ:-

(ੳ) ਸਕੂਲ ਮੁੱਖੀ /ਸੈਂਕਸਨਿੰਗ ਅਥਾਰਟੀ ਆਪਣੇ ਸਕੂਲ ਦੇ ਸਾਰੇ ਵਿਦਿਆਰਥੀ, ਜਿੰਨਾਂ ਨੇ ਐਸ.ਸੀ. ਅਤੇ ਬੀ.ਸੀ. ਸਕੀਮ ਅਧੀਨ ਕਲੇਮ ਲੈਣੇ ਹਨ ,ਦੀ 100 % verification ਕਰਕੇ ਵਿਭਾਗ ਨੂੰ ਭੇਜੇਗਾ।

(ਅ) ਹਰ ਜਿਲੇ ਦਾ ਜਿਲਾ ਸਿੱਖਿਆ ਅਫਸਰ(ਸੈ:ਸਿ:) sample ਦੇ ਤੌਰ ਤੇ 10 % ਸਕੂਲਾਂ ਦੀ verification ਕਰਕੇ ਵਿਭਾਗ ਨੂੰ ਰਿਪੋਰਟ ਕਰੇਗਾ।

(ੲ) ਡੀ.ਪੀ.ਆਈ. (ਸੈ:ਸਿ) ਦਫਤਰ ਵੱਲੋਂ ਗਠਿਤ ਕੀਤੀ ਕਮੇਟੀ ਵੱਲੋ 1% sample ਦੇ ਤੌਰ ਤੇ verification ਕੀਤੀ ਜਾਵੇਗੀ।

3. Verification ਕਰਨ ਉਪਰੰਤ ਜੇਕਰ ਕਿਸੇ ਵੀ ਵਿਦਿਆਰਥੀ/ਪ੍ਰਾਈਵੇਟ / ਏਡਿਡ ਸੰਸਥਾ ਵੱਲੋਂ ਫੀਸਾਂ/ਫੰਡਾ ਸਬੰਧੀ ਕੋਈ ਵੀ ਘਪਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਵਿਰੁੱਧ ਵਿਭਾਗ ਵੱਲੋ FIR ਦਰਜ ਕਰਵਾਈ ਜਾਵੇਗੀ।

4. ਹਰ ਪ੍ਰਾਈਵੇਟ / ਏਡਿਡ /ਸਰਕਾਰੀ ਸਕੂਲਾਂ ਦੇ ਮੁੱਖੀ ਆਪਣੇ-ਆਪਣੇ ਸਕੂਲ ਦੇ ਵਿਦਿਆਰਥੀਆਂ ਦਾ ਆਧਾਰ ਸੀਡਿੰਗ ਸਟੇਟਸ 100% ਕਰਵਾਉਣਾ ਸੁਨਿਸਚਿਤ ਕਰਨਗੇ।

5. ਭਲਾਈ ਵਿਭਾਗ ਵੱਲੋ ਭੇਜੇ ਪ੍ਰੋਫਾਰਮੇ (ਨੱਥੀ) ਵਿੱਚ ਹਰ ਸਕੂਲ ਮੁੱਖੀ ਸੂਚਨਾ ਭਰ ਕੇ ਪ੍ਰਮਾਣਿਤ ਕਰਕੇ ਸਰਟੀਫਿਕੇਟ ਦੇਵੇਗਾ ਕਿ ਜਿਨ੍ਹਾਂ ਦੇ ਆਧਾਰ ਕਾਰਡ ਬਣੇ ਹਨ ਉਹ ਬੈਂਕ ਖਾਤਿਆਂ ਨਾਲ ਵਿਦਿਆਰਥੀਆਂ ਦੀ ਅਰਜੀ ਨਾਲ ਲਿੰਕ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀ ਹਨ ਉਹ ਉਹਨਾਂ ਦੀ ਸੰਸਥਾ ਦੇ ਰੈਗੂਲਰ ਵਿਦਿਆਰਥੀ ਹਨ ਅਤੇ ਉਹਨਾਂ ਨੇ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀ ਲਿਆ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ।

ਪਿੱਠ ਅੰਕਣ: ਉਕਤ ਮਿਤੀ :ਉਕਤ

ਉਕਤ ਦਾ ਉਤਾਰਾ PS/ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ।

ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆ ਭਲਾਈ ਵਿਭਾਗ, ਪੰਜਾਬ,

ਐਸ.ਸੀ.ਓ. ਨੰ: 128-129, ਸੈਕਟਰ 34ਏ, ਚੰਡੀਗੜ੍ਹ

ਫੋਨ ਨੰ: 2600588, 2608912 (ਫੈਕਸ)

ਵੱਲ

1) ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

2) ਡੀ.ਪੀ.ਆਈ (ਕਾਲਜਾਂ)
ਪੰਜਾਬ, ਚੰਡੀਗੜ੍ਹ।

3) ਡੀ.ਪੀ.ਆਈ (ਸਕੂਲ)
ਪੰਜਾਬ, ਐਸ.ਏ.ਐਸ ਨਗਰ।

4) ਡਾਇਰੈਕਟਰ
ਮੈਡੀਕਲ ਅਤੇ ਖੋਜ ਸਿਖਿਆ ਵਿਭਾਗ
ਪੰਜਾਬ, ਐਸ.ਏ.ਐਸ ਨਗਰ।

5) ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ, ਐਸ.ਏ.ਐਸ ਨਗਰ।

6) ਡਾਇਰੈਕਟਰ
ਐਨੀਮਲ ਹਸਬੈਂਡਰੀ
ਪੰਜਾਬ, ਚੰਡੀਗੜ੍ਹ।

ਮੀਮੋ ਨੰ: ਸ-17/26725-30

ਮਿਤੀ, ਚੰਡੀਗੜ੍ਹ 27/11/2015

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟ ਸਕੀਮ ਤਹਿਤ ਸਾਲ 2015-16 ਦੌਰਾਨ ਅਪਲਾਈ ਕੀਤੇ ਯੋਗ ਵਿਦਿਆਰਥੀਆਂ ਤੋਂ ਦਾਖਲੇ ਸਮੇਂ ਲਈਆਂ ਫੀਸਾਂ ਦੇ ਸਬੰਧ ਵਿੱਚ।

ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਮਿਤੀ 12-08-2015 ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ. ਸੀ. ਸਟੂਡੈਂਟ ਸਕੀਮ ਤਹਿਤ ਯੋਗ ਵਿਦਿਆਰਥੀਆ ਦੇ ਦਾਖਲੇ ਸਬੰਧੀ ਹਦਾਇਤਾ ਜਾਰੀ ਕੀਤੀਆਂ ਗਈਆਂ ਹਨ। ਸਾਲ 2015-16 ਦੌਰਾਨ ਸੰਸਥਾ ਵੱਲੋਂ ਯੋਗ ਅਨੁਸੂਚਿਤ ਜਾਤੀਆ ਦੇ ਵਿਦਿਆਰਥੀਆਂ ਨੂੰ ਦਿੱਤੇ ਦਾਖਲੇ ਸਮੇਂ ਲਈਆਂ ਗਈਆਂ ਫੀਸਾਂ ਦਾ ਬਿਆਨ ਹਲਫਿਆ ਸਕੈਨ ਕਰਕੇ ਅਤੇ ਪ੍ਰੋਫਾਰਮੇ ਦੀ ਸੂਚਨਾ ਕੇਵਲ Excel worksheet (ਬਿਨ੍ਹਾਂ ਸਕੈਨ ਕੀਤੇ) ਵਿੱਚ ਈ-ਮੇਲ ਅਤੇ ਹਾਰਡ ਕਾਪੀ ਰਾਹੀਂ ਇੱਕ ਹਫਤੇ ਦੇ ਅੰਦਰ ਅੰਦਰ ਭੇਜੀ ਜਾਵੇ। (postmatricscpunjab@gmail.com) ਅਤੇ ਹਲਫਿਆ ਬਿਆਨ ਵਿਚ ਇਹ ਵੀ ਤਸਦੀਕ ਕਰਕੇ ਭੇਜੀਆ ਜਾਵੇ ਕਿ ਬਾਕੀ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆ ਤੋਂ ਦਾਖਲੇ ਸਮੇਂ ਫੀਸਾਂ ਨਹੀਂ ਲਈਆਂ ਗਈਆਂ ਹਨ।

ਸਾਲ 2015-16

| ਲੜੀ ਨੰ: | ਸੰਸਥਾ ਦਾ ਨਾਮ | ਵਿਦਿਆਰਥੀ ਦਾ ਆਈ.ਡੀ ਨੰਬਰ | ਵਿਦਿਆਰਥੀ ਦਾ ਨਾਮ | ਕੋਰਸ | ਕੁੱਲ ਫੀਸ | ਸੰਸਥਾ ਵੱਲੋਂ ਲਈ ਗਈ ਫੀਸ | ਸੰਸਥਾ ਦੀ ਈ-ਮੇਲ ID | ਸਕੀਮ ਇੰਚਾਰਜ ਦਾ ਨਾਮ ਅਤੇ ਮੋਬਾਇਲ ਨੰਬਰ |
|---|---|---|---|---|---|---|---|---|

ਡਾਇਰੈਕਟਰ

ਪਿੱਠ ਅੰਕਣ ਨੰ:ਸ-17/ 26731 ਮਿਤੀ, ਚੰਡੀਗੜ੍ਹ 27/11/15

ਉਤਾਰਾ:- ਮੁੱਖੀ ਸਮੂਹ ਸੰਸਥਾਵਾਂ, ਪੰਜਾਬ

ਡਾਇਰੈਕਟਰ

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ

## (ਵਜੀਫਾ ਸਾਖਾ)

ਪਿੱਠ ਅੰਕਣ ਨੰ: 20/1-2015 ਵਜੀਫਾ(2) ਮਿਤੀ: 04-12-2015

ਉਤਾਰਾ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:) ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਪ੍ਰਾਈਵੇਟ ਅਤੇ ਸਰਕਾਰੀ ਸੰਸਥਾਵਾਂ ਨੂੰ ਭੇਜ ਕੇ ਹਦਾਇਤ ਕੀਤੀ ਜਾਵੇ ਕਿ ਸੂਚਨਾ 2 ਦਿਨਾਂ ਦੇ ਅੰਦਰ-ਅੰਦਰ ਭਲਾਈ ਵਿਭਾਗ ਦੀ ਈ-ਮੇਲ ਆਈ.ਡੀ postmatricscpunjab@gmail.com ਤੇ ਪਾ ਕੇ ਇਸ ਦਫਤਰ ਨੂੰ ਵੀ ਸੂਚਿਤ ਕਰਨ।
2. ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਨੂੰ ਤੁਰੰਤ ਸੂਚਨਾ ਪ੍ਰੋਫਾਰਮੇ ਵਿੱਚ ਭਰ ਕੇ ਭੇਜਣ ਲਈ ਲਿਖਿਆ ਜਾਂਦਾ ਹੈ।

4/12/15

ਵਿਸੇਸ ਕਾਰਜ ਅਫਸਰ(ਵਜੀਫਾ)